# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

GMADA

ਸੈਕਟਰ 62, ਐਸ.ਏ.ਐਸ ਨਗਰ
(www.gmada.gov.in)

ਵੱਲ,

Sukhsha Developers Pvt Ltd
B-107, F.Floor, Business Complex,
Elante Mall, Ind. Area, Ph-1, Chandigarh.

ਪੱਤਰ ਨੰ: ਗਮਾਡਾ/ਮਿ:ਅ.(ਪਲਾਟਸ)/2020/ 45264 ਮਿਤੀ:- 13.11.2020

ਵਿਸ਼ਾ:- Commercial & Industrial Project "Sushma Empiria" of "Suksha Developers Pvt Ltd" In Pocket-3 in Shipra Estate Ltd, Zirakpur, SAS Nagar ਦੇ ਪ੍ਰੋਜ਼ਡ ਪਲੈਨ ਪਾਸ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਗਮਾਡਾ ਦੀ ਸਿੰਗਲ ਵਿੰਡੋ ਡਾਇਰੀ ਨੰ. 6802 ਮਿਤੀ 27.05.2020 ਰਾਹੀਂ ਜਮ੍ਹਾਂ ਕਰਵਾਇਆ ਪ੍ਰੋਜ਼ਡ ਪਲੈਨ ਹੇਠ ਲਿਖਿਆ ਸ਼ਰਤਾਂ ਅਨੁਸਾਰ ਪਾਸ ਕੀਤਾ ਜਾਂਦਾ ਹੈ:-

1. ਚਾਰ ਦੀਵਾਰੀ ਅਤੇ ਗੇਟ ਸਟੈਂਡਰਡ ਡਿਜ਼ਾਈਨ ਅਨੁਸਾਰ ਹੋਣਾ ਚਾਹੀਦਾ ਹੈ।
2. ਡੀ.ਪੀ.ਸੀ ਪਾਉਣ ਉਪਰੰਤ ਮਿਲਖ ਦਫਤਰ ਤੋਂ ਲੋੜੀਂਦਾ ਸਰਟੀਫਿਕੇਟ ਤਾਂ ਹੀ ਜਾਰੀ ਕੀਤਾ ਜਾਵੇਗਾ ਜੇਕਰ ਇਮਾਰਤ ਦੀ ਉਸਾਰੀ ਪ੍ਰਵਾਨ ਕੀਤੇ ਨਕਸ਼ੇ ਅਨੁਸਾਰ ਕੀਤੀ ਜਾਵੇਗੀ ।
3. ਕੰਪਲੀਸ਼ਨ ਸਰਟੀਫਿਕੇਟ ਤਾਂ ਹੀ ਜਾਰੀ ਕੀਤਾ ਜਾਵੇਗਾ ਜੇਕਰ ਇਮਾਰਤ ਦੀ ਉਸਾਰੀ ਪ੍ਰਵਾਨ ਕੀਤੇ ਨਕਸ਼ੇ ਅਨੁਸਾਰ ਕੀਤੀ ਜਾਵੇਗੀ ਅਤੇ ਸਹਾਇਕ ਕਿਰਤ ਕਮਿਸ਼ਨਰ, ਐਸ.ਏ.ਐਸ.ਨਗਰ. ਮੁਹਾਲੀ ਤੋਂ ਲੇਬਰ ਸੈੱਸ ਦੀ ਬਣਦੀ ਰਕਮ ਸਬੰਧੀ ਇਤਰਾਜਹੀਣਤਾ ਪੱਤਰ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।
4. ਵਿਸ਼ੇ ਅਧੀਨ ਸਾਈਟ ਵਿੱਚ ਸੋਲਰ ਵਾਟਰ ਹੀਟਿੰਗ ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਦੀ ਪ੍ਰੋਵੀਜਨ ਕੀਤੀ ਜਾਵੇਗੀ।
5. ਅਲਾਟੀ ਨੂੰ ਕੰਪਲੀਸ਼ਨ ਸਰਟੀਫਿਕੇਟ ਤਾਂ ਹੀ ਦਿੱਤਾ ਜਾਵੇਗਾ, ਜੇਕਰ ਸਬੰਧਤ ਏ.ਈ./ਜੇ.ਈ. ਵਲੋਂ ਇਹ ਰਿਪੋਰਟ ਕੀਤੀ ਜਾਵੇਗੀ ਕਿ ਉਸ ਨੇ ਇਸ ਸਾਈਟ ਤੋਂ ਇਹ ਮਲਬਾ ਸਾਫ ਕਰ ਦਿੱਤਾ ਹੈ।
6. ਇਸ ਬਿਲਡਿੰਗ ਦੀ ਸਟਰੱਕਚਰਲ ਸੇਫਟੀ ਸਬੰਧੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ ਅਤੇ ਇਸ ਦੀ ਉਸਾਰੀ ਸਟੱਰਕਚਰਲ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇਗੀ ਅਤੇ ਜੇਕਰ ਉਸਾਰੀ ਕਰਦੇ ਸਮੇਂ ਬਿਲਡਿੰਗ ਵਿੱਚ ਕੋਈ ਰੱਦੋ ਬਦਲ ਕੀਤੀ ਜਾਂਦੀ ਹੈ ਤਾਂ ਉਸ ਦੀ ਰਿਵਾਈਜ਼ਡ ਪ੍ਰਵਾਨਗੀ ਕੰਪੀਟੈਂਟ ਅਥਾਰਟੀ ਤੋਂ ਲਈ ਜਾਵੇਗੀ।
7. ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ ਅਤੇ ਬਿਜਲੀ) ਸਟੈਂਡਰਡ ਨਾਰਮਜ ਅਨੁਸਾਰ ਉਪਬੰਧ ਕਰਨ ਦੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ।
8. ਰੇਨ ਵਾਟਰ ਹਾਰਵੈਸਟਿੰਗ ਸਿਸਟਮ ਦੀ ਪ੍ਰਵੀਜਨ ਨਾਰਮਜ ਅਨੁਸਾਰ ਕੀਤੀ ਜਾਵੇਗੀ।
9. ਆਪ ਬਿਲਡਿੰਗ ਵਿੱਚ Energy Conservation Building Codes (ECBC) ਅਨੁਸਾਰ ਵਿਵਸਥਾ ਕਰਨ ਅਤੇ 15 ਮੀਟਰ ਤੋਂ ਵੱਧ ਹਾਈਟ ਦੀ ਉਸਾਰੀ ਲਈ ਏਅਰਪੋਰਟ ਅਥਾਰਟੀ ਆਫ ਇੰਡੀਆ ਦੀ ਪ੍ਰਵਾਨਗੀ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।
10. ਆਪ ਬਿਲਡਿੰਗ ਰੂਲਜ 2018 ਅਧੀਨ ਲੋੜੀਂਦੇ ਉੱਪਬੰਧਾਂ ਦੀ ਪ੍ਰਤੀਪੂਰਤੀ ਕਰਨ ਲਈ ਪਾਬੰਦ ਹੋਵੋਗੇ।

ਮਿਲਖ ਅਫਸਰ,
ਗਮਾਡਾ, ਐਸ.ਏ.ਐਸ ਨਗਰ

ਚੱਲਦਾ ਪੰਨਾਂ

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

ਪਿਛਲੇ ਪੰਨ੍ਹੇ ਤੋਂ.........

ਪੱਤਰ ਨੰ: ਗਮਾਡਾ/ਮਿ:ਅ.(ਪਲਾਟਸ)/2020/ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਹਾਇਕ ਕਿਰਤ ਕਮਿਸਨਰ, ਪ੍ਰਬੰਧਕੀ ਕੰਪਲੈਕਸ, ਸੈਕਟਰ -76, ਐਸ.ਏ.ਐਸ.ਨਗਰ ਨੂੰ ਭੇਜ ਕੇ ਸੂਚਿਤ ਕੀਤਾ ਜਾਂਦਾ ਹੈ, ਕਿ ਆਪ ਦੇ ਦਫਤਰ ਵੱਲੋਂ **Approval of Schedule of Part Payment of Labour Cess** ਜਾਰੀ ਕੀਤਾ ਗਿਆ ਹੈ। ਅਲਾਟੀ/ਪ੍ਰਮੋਟਰ ਵਲੋਂ ਦਫਤਰ ਸਹਾਇਕ ਕਿਰਤ ਕਮਿਸ਼ਨਰ ਵਲੋਂ ਜਾਰੀ ਲੋੜੀਂਦਾ ਐਨ.ਡੀ.ਸੀ ਪੱਤਰ ਨੰ. 315 ਮਿਤੀ 14.10.2020 ਇਸ ਦਫਤਰ ਵਿਖੇ ਜਮ੍ਹਾ ਕਰਵਾ ਦਿੱਤਾ ਗਿਆ ਹੈ। ਪਹਿਲੇ ਕਿਸ਼ਤ ਦੀ ਲੇਬਰ ਸੈੱਸ ਵਜੋਂ 15,08,803/- ਰੁਪਏ ਜਮ੍ਹਾ ਕਰਵਾ ਦਿੱਤੇ ਹਨ, ਜਿਸ ਦਾ ਵੇਰਵਾ ਦਫਤਰ ਸਹਾਇਕ ਕਿਰਤ ਕਮਿਸ਼ਨਰ ਵਲੋਂ ਜਾਰੀ ਹੋਏ ਪੱਤਰ ਨੰ. 310 ਮਿਤੀ 14.10.2020 ਵਿਚ ਦਰਜ ਹੈ। ਅਲਾਟੀ/ਪ੍ਰਮੋਟਰ ਵਲੋਂ ਇਨ੍ਹਾਂ ਪ੍ਰਪੋਜ਼ਡ ਬਿਲਡਿੰਗ ਪਲੈਨਾਂ ਦੀ ਬਣਦੀ ਸਕਰੂਟਨੀ ਫੀਸ 46,76,424/-ਰੁਪਏ ਅਤੇ ਪ੍ਰਪੋਜ਼ਡ ਪਲੈਨ ਸਕਿਉਰਿਟੀ 12,00,472/-ਰੁਪਏ ਰਸੀਦ ਨੰ 106777 ਮਿਤੀ 03.11.2020 ਰਾਹੀਂ ਜਮ੍ਹਾ ਕਰਵਾ ਦਿੱਤੀ ਹੈ। ਅਲਾਟੀ ਦੀ ਸਾਈਟ ਦਾ ਰਕਬਾ 7.0 ਏਕੜ ਹੈ। ਪਾਸ ਕੀਤੇ ਜਾ ਰਹੇ ਪ੍ਰਪੋਜ਼ਡ ਪਲੈਨ ਵਿੱਚ ਵਪਾਰਕ ਅਤੇ ਉਦਯੋਗਿਕ ਲਈ 155747.073 ਵ:ਮੀਟਰ Covered Area ਪਾਸ ਕੀਤਾ ਜਾ ਰਿਹਾ ਹੈ।

2. ਮੰਡਲ ਇੰਜੀਨੀਅਰ (ਜਸ-2), ਗਮਾਡਾ, ਐਸ.ਏ.ਐਸ.ਨਗਰ।

ਮਿਲਖ ਅਫਸਰ,
ਗਮਾਡਾ, ਐਸ.ਏ.ਐਸ. ਨਗਰ